# ਕੈਨੇਡਾ ਦੇ ਸਮਾਜ ਵਿਚ ਸਿੱਖਾਂ ਦੀ ਭੂਮਿਕਾ ਨੂੰ ਉਜਾਗਰ ਕਰਨਾ ਚਾਹੁੰਦੀ ਹੈ ਐਬਟਸਫੋਰਡ ਦੀ ਸਤਵਿੰਦਰ ਕੌਰ ਬੈਂਸ



ਐਬਟਸਫੋਰਡ, 21 ਜਨਵਰੀ (ਹ.ਬ.): ਐਬਟਸਫੋਰਡ ਦੀ ਸਤਵਿੰਦਰ ਕੌਰ ਬੈਂਸ ਕੈਨੇਡਾ ਵਿਚ ਲਗਭਗ 100 ਸਾਲ ਪਹਿਲਾਂ ਆ ਕੇ ਵਸੇ ਸਿੱਖਾਂ ਦੀ ਵਿਰਾਸਤ ਨੂੰ ਸੰਭਾਲਣਾ ਚਾਹੁੰਦੀ ਹੈ ਅਤੇ ਦੁਨੀਆ ਨੂੰ ਦੱਸਣ ਦੀ ਇੱਛਕ ਹੈ ਕਿ ਸਿੱਖਾਂ ਦਾ ਦੇਸ਼ ਦੇ ਸਮਾਜ ਵਿਚ ਵੱਡਾ ਯੋਗਦਾਨ ਹੈ। ਸਿੱਖ ਹੈਰੀਟੇਜ ਮਿਊਜ਼ੀਅਮ, ਐਬਟਸਫੋਰਡ ਦੀ ਡਾਇਰੈਕਟਰ ਸਤਵਿੰਦਰ ਕੌਰ ਬੈਂਸ ਦਾ ਕਹਿਣਾ ਸੀ ਕਿ ਅਸੀਂ ਕੈਨੇਡਾ ਵਿਚ ਆਪਣੇ ਇਤਿਹਾਸ ਬਾਰੇ ਕੋਈ ਲਿਖਤੀ ਦਸਤਾਵੇਜ਼ ਨਹੀਂ ਸਾਂਭ ਸਕੇ, ਇਸ ਲਈ ਲੋੜ ਹੈ ਕਿ ਇਸ ਪਾਸੇ ਵਧੇਰੇ ਧਿਆਨ ਦਿੱਤਾ ਜਾਵੇ।

ਸਿੱਖ ਹੈਰੀਟੇਜ ਮਿਊਜ਼ੀਅਮ ਵਿਚ ਐਤਵਾਰ ਤੋਂ ਪੱਗਾਂ ਬਾਰੇ ਇਕ ਪ੍ਰਦਰਸ਼ਨੀ ਦੀ ਸ਼ੁਰੂਆਤ ਹੋ ਗਈ ਜਿਸ ਦਾ ਸਿਰਲੇਖ 'ਟਰਬਨ ਚੈਲੰਜ' ਰੱਖਿਆ ਗਿਆ ਹੈ। ਉਨ੍ਹਾਂ ਕਿਹਾ,'1904 ਵਿਚ ਜਦੋਂ ਤੋਂ ਸਿੱਖ ਕੈਨੇਡਾ ਵਿਚ ਆਉਣੇ ਸ਼ੁਰੂ ਹੋਏ, ਪੱਗ ਦੀ ਜਨਤਕ ਅਤੇ ਸਰਕਾਰੀ ਤੌਰ 'ਤੇ ਕਾਫੀ ਅਹਿਮੀਅਤ ਰਹੀ ਹੈ। ਪੱਗ ਕੈਨੇਡਾ ਦੇ ਇਤਿਹਾਸ ਦਾ ਹਿੱਸਾ ਹੈ ਅਤੇ ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਿੱਖਾਂ ਨਾਲ ਸਬੰਧਤ ਇਤਿਹਾਸ ਨੂੰ ਸਹੀ ਤਰੀਕੇ ਨਾਲ ਦਰਜ ਕੀਤਾ ਜਾਵੇ।' ਪ੍ਰਦਰਸ਼ਨੀ ਵਿਚ ਸਿੱਖ ਪਰਵਾਰਾਂ ਦੇ ਵਸੇਬੇ 'ਤੇ ਝਾਤ ਤੋਂ ਇਲਾਵਾ ਦੁਨੀਆ ਭਰ ਦੇ ਸਿੱਖਾਂ ਵੱਲੋਂ ਬੰਨ੍ਹੀਆਂ ਜਾਂਦੀਆਂ ਪੱਗਾਂ ਦੇ ਨਮੂਨੇ ਪੇਸ਼ ਕੀਤੇ ਗਏ ਹਨ। ਇਸਦੇ ਨਾਲ ਹੀ ਪੱਗ ਕਾਰਨ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਅਤੇ ਫੌਜ ਨੂੰ ਆ ਰਹੀਆਂ ਚੁਣੌਤੀਆਂ ਵੱਲ ਵੀ ਧਿਆਨ ਦਿੱਤਾ ਗਿਆ ਹੈ। ਸਤਵਿੰਦਰ ਸਿੰਘ ਬੈਂਸ ਨੇ ਆਖਿਆ ਕਿ ਭਾਵੇਂ ਸਿੱਖਾਂ ਦਾ ਕੈਨੇਡਾ ਵਿਚ 100 ਸਾਲ ਪੁਰਾਣਾ ਇਤਿਹਾਸ ਹੈ ਪਰ ਮੈਂ ਸਮਝਦਾ ਹਾਂ ਕਿ ਕੈਨੇਡੀਅਨ ਲੋਕਾਂ ਦੇ ਮਨਾਂ ਵਿਚ ਅਜੇ ਵੀ ਪੱਗ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਕਾਇਮ ਹਨ। ਉਨ੍ਹਾਂ ਦੱਸਿਆ ਕਿ ਸਿੱਖ ਹੈਰੀਟੇਜ ਮਿਊਜ਼ੀਅਮ ਅਜਿਹੀਆਂ ਥਾਵਾਂ ਵਿਚੋਂ ਇਕ ਹੋਵੇਗਾ ਜਿਥੇ ਸਿੱਖਾਂ ਲਈ ਪੰਜ ਕਕਾਰਾਂ ਦੀ ਅਹਿਮੀਅਤ ਬਾਰੇ ਵਿਸਤਾਰਤ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।